ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030419
Available online at: www.armaan.org.in
DOI: https://doi.org/10.64119/armaan.vol.3.issue4.19

# ਭਾਰਤੀ ਗਿਆਨ ਪਰੰਪਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ: ਦਾਰਸ਼ਨਿਕ ਅਤੇ ਸੱਭਿਆਚਾਰਕ ਸੰਵਾਦ

## Bharti Giyan Parnpra Ate Shri Guru Granth Sahib: Darshnik Ate Sabhiyachark Sanvad

**ਡਾ. ਅਕਾਲ ਅੰਮ੍ਰਿਤ ਕੌਰ (Dr. Akal Amrit Kaur)**
ਐਸੋਸੀਏਟ ਪ੍ਰੋਫ਼ੈਸਰ ਤੇ ਮੁਖੀ ਪੰਜਾਬੀ ਵਿਭਾਗ (Asso. Prof. & Head, Dept. of Punjabi)
ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ,ਜਲੰਧਰ (ਪੰਜਾਬ)
Email ID: akalamrit@gmail.com ਮੋਬਾਈਲ: +91-9815124099

**ਸਾਰ (Abstract)**

*ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਜਿਹਾ ਪਾਠ ਹੈ ਜੋ ਨਾ ਸਿਰਫ਼ ਭਾਰਤੀ ਗਿਆਨ ਪਰੰਪਰਾ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ, ਆਪਣੀ ਮੂਲ ਵਿਚਾਰਧਾਰਾ ਰੱਖਦਾ ਹੈ ਸਗੋਂ ਸਮਕਾਲੀ ਸੰਦਰਭ ਵਿੱਚ ਨਵੇਂ ਆਯਾਮ ਵੀ ਪੇਸ਼ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾ ਸਿਰਫ਼ ਸਿੱਖ ਧਰਮ ਦਾ ਪਵਿੱਤਰ ਗ੍ਰੰਥ ਹੈ ਸਗੋਂ ਸੱਭਿਆਚਾਰਕ ਅਤੇ ਸੰਪਰਦਾਇਕ ਸੀਮਾਵਾਂ ਤੋਂ ਪਾਰ ਅਜਿਹਾ ਸਮਾਵੇਸ਼ੀ ਪਾਠ ਹੈ, ਜੋ ਵਿਭਿੰਨ ਧਰਮਾਂ;ਭਗਤਾਂ, ਸੰਤਾਂ ਦੀਆਂ ਸਿੱਖਿਆਵਾਂ ਨੂੰ ਅਪਣਾਉਂਦਾ ਹੈ। ਇਸ ਵਿੱਚ ਕਬੀਰ, ਰਵਿਦਾਸ, ਨਾਮਦੇਵ ਅਤੇ ਬਾਬਾ ਫਰੀਦ ਆਦਿ ਸੰਤਾਂ-ਸੂਫ਼ੀਆਂ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ। ਇਹ ਸਮਾਵੇਸ਼ਤਾ ਭਾਰਤੀ ਗਿਆਨ ਪਰੰਪਰਾ ਦੀ ਮੂਲ ਭਾਵਨਾ ਦਾ ਵਿਸਥਾਰ ਹੈ, ਜਿੱਥੇ "ਏਕਮ ਸਦ ਵਿਪ੍ਰ ਬਹੁਧਾ ਵਦੰਤੀ" ਦੀ ਧਾਰਨਾ ਪ੍ਰਮੁੱਖ ਰਹੀ ਹੈ,ਭਾਵ ਸੱਚ ਇੱਕ ਹੈ,ਪਰ ਬੁੱਧੀਮਾਨ ਇਸਨੂੰ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਕਰਦੇ ਹਨ।ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਕੀਤੀ ਗਈ "ੴ" ਦੀ ਧਾਰਨਾ ਉਪਨਿਸ਼ਦਾਂ ਵਿੱਚ ਬ੍ਰਹਮ ਦੀ ਧਾਰਨਾ ਨਾਲ ਡੂੰਘੀ ਸਮਾਨਤਾ ਰੱਖਦੀ ਹੈ। ਇੱਥੇ ਪਰਮਾਤਮਾ ਨੂੰ ਨਿਰਾਕਾਰ ਅਤੇ ਸਰਵਵਿਆਪੀ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਕਰਮ, ਪੁਨਰ ਜਨਮ ਅਤੇ ਮੁਕਤੀ ਦੀਆਂ ਧਾਰਨਾਵਾਂ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਤੀਬਿੰਬਤ ਹੁੰਦੀਆਂ ਹਨ, ਹਾਲਾਂਕਿ ਉਨ੍ਹਾਂ ਦਾ ਸਮਾਜਿਕ ਅਤੇ ਨੈਤਿਕ ਦ੍ਰਿਸ਼ਟੀਕੋਣ ਵਧੇਰੇ ਵਿਹਾਰਕ ਹੈ। ਸਿਮਰਨ ਤੇ ਸੇਵਾ ਮੁਕਤੀ ਦੇ ਸਾਧਨ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਵੈਦਿਕ ਅਤੇ ਭਗਤੀ ਪਰੰਪਰਾਵਾਂ ਦੀ ਨਿਰੰਤਰਤਾ ਹੈ, ਜਿੱਥੇ ਅੰਦਰੂਨੀ ਅਨੁਭਵ ਨੂੰ ਬਹਿਰੂਨੀ ਪ੍ਰਗਟਾਵੇ ਤੋਂ ਉੱਤਮ ਮੰਨਿਆ ਜਾਂਦਾ ਸੀ।ਭਾਰਤੀ ਗਿਆਨ ਪਰੰਪਰਾ ਖਾਸ ਕਰਕੇ ਸਮਾਜਿਕ ਅਸਮਾਨਤਾ ਦੇ ਵਿਰੋਧ ਦੀ ਭਾਵਨਾ ਰੱਖਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਵਿਚਾਰ ਨੂੰ ਹੋਰ ਵੀ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ ਗਿਆ ਹੈ; ਜਾਤ, ਵਰਗ ਅਤੇ ਲਿੰਗ ਭੇਦਭਾਵ ਦੇ ਸਪੱਸ਼ਟ ਵਿਰੋਧ ਦੇ ਨਾਲ। ਗੁਰੂ ਗ੍ਰੰਥ ਸਾਹਿਬ ਵਿੱਚ ਸਾਰਿਆਂ ਨੂੰ ਇੱਕ ਪ੍ਰਕਾਸ਼ ਦੇ ਰੂਪ ਸਵੀਕਾਰ ਕੀਤਾ ਗਿਆ ਹੈ। ਇਹ ਦ੍ਰਿਸ਼ਟੀਕੋਣ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਸਮਕਾਲੀ ਵਿਚਾਰਾਂ ਨੂੰ ਅਗਵਾਈ ਪ੍ਰਦਾਨ ਕਰਦਾ ਹੈ।ਅੱਜ ਦੇ ਵਿਸ਼ਵਵਿਆਪੀ ਅਤੇ ਬਹੁ-ਸੱਭਿਆਚਾਰਕ ਯੁੱਗ ਵਿੱਚ ਜੋ ਧਾਰਮਿਕ ਟਕਰਾਉ, ਵਾਤਾਵਰਣਕ ਸੰਕਟ ਅਤੇ ਨੈਤਿਕ ਗਿਰਾਵਟ ਵਿੱਚ ਗ੍ਰਸਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਬਹੁਤ ਹੀ ਪ੍ਰਾਸੰਗਿਕ ਹਨ। ਇਹ ਲਿਖਤ ਨਾ ਸਿਰਫ਼ ਅੰਤਰ-ਧਾਰਮਿਕ ਸੰਵਾਦ ਨੂੰ ਉਤਸ਼ਾਹਿਤ ਕਰਦੀ ਹੈ ਬਲਕਿ ਅਧਿਆਤਮਿਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਵਿਚਕਾਰ ਸੰਤੁਲਨ ਨੂੰ ਵੀ ਪ੍ਰੇਰਿਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤੀ ਗਿਆਨ ਪਰੰਪਰਾ ਦਾ ਇੱਕ ਜੀਵੰਤ ਅਤੇ ਪ੍ਰਗਤੀਸ਼ੀਲ ਪ੍ਰਗਟਾਵਾ ਹੈ, ਜੋ ਪ੍ਰਾਚੀਨ ਵਿਚਾਰਾਂ ਵਿੱਚ ਜੜ੍ਹਾਂ ਰੱਖਦਾ ਹੈ ਅਤੇ ਸਮਕਾਲੀ ਹਕੀਕਤ ਨੂੰ ਸੰਬੋਧਿਤ ਕਰਦਾ ਹੈ।*

**ਕੀਵਰਡ (Keyword):** *ਸ੍ਰੀ ਗੁਰੂ ਗ੍ਰੰਥ ਸਾਹਿਬ, ਵੈਦਿਕ, ਉਪਨਿਸ਼ਦ, ਨਾਮ, ਸ਼ਬਦ, ਬ੍ਰਹਮ, ਮਾਇਆ, ਮੁਕਤੀ, ਕਰਮ।*

ਭਾਰਤ ਦੀ ਗਿਆਨ ਪਰੰਪਰਾ ਦੁਨੀਆਂ ਦੀਆਂ ਸਭ ਤੋਂ ਪੁਰਾਣੀਆਂ ਤੇ ਵਿਭਿੰਨਤਾਵਾਂ ਭਰਪੂਰ ਵਿੱਚੋਂ ਹੈ; ਜਿਸ ਵਿੱਚ ਵੈਦਿਕ, ਉਪਨਿਸ਼ਦਿਕ, ਬੋਧੀ, ਜੈਨ ਤੇ ਭਗਤੀ ਲਹਿਰਾਂ ਸਮੇਤ ਕਈ ਦਾਰਸ਼ਨਿਕ ਧਾਰਾਵਾਂ ਸ਼ਾਮਿਲ ਹਨ। ਇਹ ਪਰੰਪਰਾ ਅਧਿਆਤਮਕ ਚਿੰਤਨ ਤੱਕ ਸੀਮਤ ਨਹੀਂ ਸਗੋਂ ਜੀਵਨ ਦੇ ਹਰ ਪਹਿਲੂ ਨੂੰ ਵੀ ਛੂੰਹਦੀ ਹੈ; ਨੈਤਿਕਤਾ, ਸਮਾਜ, ਕੁਦਰਤ ਅਤੇ ਅਧਿਆਤਮਕਤਾ। ਇਸ ਵਿਆਪਕ ਦ੍ਰਿਸ਼ਟੀਕੋਣ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਜਿਹਾ ਪਾਠ ਹੈ ਜੋ ਨਾ ਸਿਰਫ਼ ਭਾਰਤੀ ਗਿਆਨ ਪਰੰਪਰਾ ਦੇ ਵਿਭਿੰਨ ਪਹਿਲੂਆਂ ਨਾਲ ਗਹਿਰਾ ਸੰਵਾਦ ਰੱਖਦਾ ਹੈ, ਇਸਦੀ ਆਪਣੀ ਮੂਲ ਨਿਵੇਕਲੀ ਵਿਚਾਰਧਾਰਾ ਹੈ ਸਗੋਂ ਸਮਕਾਲੀ ਸੰਦਰਭ ਵਿੱਚ ਪ੍ਰਾਸੰਗਿਕ ਵੀ ਹੈ। ਇਸ ਦੀ ਰਚਨਾ ਵਿੱਚ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਵੱਲੋਂ ਭਾਰਤੀ ਉਪ-ਮਹਾਂਦੀਪ ਦੇ ਵਿਸ਼ਾਲ ਪਾਸਾਰ ਵਿੱਚ ਸੱਚ ਦੇ ਖੋਜੀਆਂ ਦੀਆਂ ਖਿੰਡੀਆਂ ਹੋਈਆਂ ਆਵਾਜ਼ਾਂ ਨੂੰ ਇੱਕ ਜਗ੍ਹਾ ਇਕੱਠਾ ਕਰਨ ਤੇ ਅਨੰਤ ਲਈ ਮਨੁੱਖੀ ਖੋਜ ਦੀ ਜੀਵੰਤ ਗਵਾਹੀ ਦੇ ਯਤਨ ਸ਼ਾਮਿਲ ਹਨ। ਇਹ ਨਾ ਸਿਰਫ਼ ਸਿੱਖ ਧਰਮ ਦਾ ਪਵਿੱਤਰ ਗ੍ਰੰਥ ਹੈ, ਸਗੋਂ ਸੱਭਿਆਚਾਰਕ ਤੇ ਸੰਪਰਦਾਇਕ ਸੀਮਾਵਾਂ ਤੋਂ ਪਾਰ ਇੱਕ ਸਮਾਵੇਸ਼ੀ ਪਾਠ ਵੀ ਹੈ।

ਭਾਰਤੀ ਗਿਆਨ ਪਰੰਪਰਾ ਦੀ ਸਮਾਵੇਸ਼ੀ ਮੂਲ ਭਾਵਨਾ ਦਾ ਵਿਸਥਾਰ ਹੈ, ਜਿੱਥੇ "ਏਕਮ ਸਦਵਿਪ੍ਰ ਬਹੁਧਾ ਵਦੰਤੀ" ਦੀ ਧਾਰਨਾ ਪ੍ਰਮੁੱਖ ਰਹੀ ਹੈ, ਭਾਵ ਸੱਚ ਇਕ ਹੈ ਪਰ ਬੁੱਧੀਮਾਨ ਇਸਨੂੰ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਕਰਦੇ ਹਨ। "ਇਕ ਓਂਕਾਰ" ਦੀ ਧਾਰਨਾ ਉਪਨਿਸ਼ਦਾਂ ਦੇ ਬ੍ਰਹਮ ਦੀ ਧਾਰਨਾ ਨਾਲ ਸਮਾਨਤਾ ਰੱਖਦੀ ਹੈ। ਇਥੇ ਪਰਮਾਤਮਾ ਨੂੰ ਨਿਰਾਕਾਰ ਤੇ ਸਰਬਵਿਆਪੀ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਪ੍ਰਭੂ ਸੰਕਲਪਨਾ ਨਿਰਗੁਣਤਾ ਨਾਲ ਜੁੜੀ ਹੋਈ ਹੈ, ਪਰ ਇਹ ਕੋਈ ਸ਼ੁੱਧ ਅਦ੍ਰਿਸ਼ ਰੂਪ ਨਹੀਂ, ਸਗੋਂ ਨਾਮ, ਸ਼ਬਦ ਅਤੇ ਹੁਕਮ ਰਾਹੀਂ ਜਗਤ ਵਿੱਚ

 Received: 13 Nov. 2025 Accepted: 30 Nov. 2025 Published: 05 Dec. 2025

ਮੌਜੂਦ ਹੈ:

*ਏਕੋ ਦਾਤਾ ਸੇਵੀਐ ਨਾਨਕਾ ਸਚੁ ਸੋਇ*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 350)*

ਭਾਰਤੀ ਦਰਸ਼ਨ ਜਿਵੇਂ ਸਾਂਖਿਆ ਤੇ ਉਪਨਿਸ਼ਦ ਵਿੱਚ ਮਾਇਆ ਨੂੰ ਬੰਧਨ ਦਾ ਕਾਰਣ ਮੰਨਿਆ ਗਿਆ ਹੈ। ਉਪਨਿਸ਼ਦਾਂ ਵਿੱਚ ਆਤਮਾ ਦੀ ਮਾਇਆ ਦੇ ਚੱਕਰ ਤੋਂ ਮੁਕਤੀ ਹੀ ਮੋਖਸ਼ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਮਾਇਆ ਅਵਿੱਦਿਆ ਹੈ, ਅਜਿਹਾ ਰੁਝਾਨ ਜੋ ਪ੍ਰਭੂ ਤੋਂ ਮਨੁੱਖ ਦੀ ਅਲਹਿਦਗੀ ਕਰਦਾ ਹੈ। ਪ੍ਰੰਤੂ ਇਸ ਦੀ ਰਚਨਾ ਵੀ ਰੱਬੀ ਹੁਕਮ ਦੇ ਅੰਤਰਗਤ ਹੈ:

*ਮਾਇਆ ਮੋਹਣੀ ਤ੍ਰਿਭਵਣਿ ਭਰਮਾਈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 67)*

*ਮਾਇਆ ਮੋਹਿ ਵਿਗੁਚੀਐ ਵਿਣੁ ਮਾਇਆ ਮੁਕਤਿ ਨ ਹੋਇ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 415)*

ਕਰਮ, ਪੁਨਰਜਨਮ ਤੇ ਮੁਕਤੀ ਦੀਆਂ ਧਾਰਨਾਵਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਤਿਬਿੰਬਤ ਹੁੰਦੀਆਂ ਹਨ ਜਿਹਨਾਂ ਦਾ ਸਮਾਜਿਕ ਤੇ ਨੈਤਿਕ ਦ੍ਰਿਸ਼ਟੀਕੋਣ ਵਧੇਰੇ ਵਿਵਹਾਰਕ ਹੈ। ਸਿਮਰਨ ਦੇ ਨਾਲ ਸੇਵਾ ਵੀ ਵਿਸ਼ੇਸ਼ ਮਹੱਤਵ ਦੀ ਲਖਾਇਕ ਬਣਦੀ ਹੈ।

15ਵੀਂ ਸਦੀ ਦੇ ਅਖੀਰ ਵਿੱਚ ਭਾਰਤ ਦੇ ਪੰਜਾਬ ਖੇਤਰ' ਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨੂੰ ਕੇਵਲ ਧਾਰਮਿਕ ਗੁਰੂ ਦੇ ਉਭਾਰ ਵਜੋਂ ਹੀ ਨਹੀਂ; ਸਗੋਂ ਵੱਡੀ ਉਥਲ-ਪੁਥਲ ਦੇ ਸਮੇਂ ਵਿੱਚ ਇੱਕ ਮਹਾਨ ਦਾਰਸ਼ਨਿਕ ਆਵਾਜ਼ ਦੇ ਪ੍ਰਗਟਾਵੇ ਵਜੋਂ ਵੀ ਸਮਝਿਆ ਜਾਣਾ ਚਾਹੀਦਾ ਹੈ। ਭਾਰਤੀ ਉਪ-ਮਹਾਂਦੀਪ ਜੋ ਸਦੀਆਂ ਤੋਂ ਅਧਿਆਤਮਕ ਖੋਜ ਦੀ ਉਪਜਾਊ ਜ਼ਮੀਨ ਰਿਹਾ ਹੈ, ਇਸ ਸਮੇਂ ਬੌਧਿਕ ਅਫ਼ਰਾ-ਤਫ਼ਰੀ,ਅਧਿਆਤਮਕ ਵਿਗਾੜਾਂ ਤੇ ਰਾਜਨੀਤਿਕ ਉਥਲ-ਪੁਥਲ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ।ਪਵਿੱਤਰ ਗਿਆਨ ਦੇ ਬ੍ਰਾਹਮਣਵਾਦੀ ਰਖਵਾਲਿਆਂ ਨੇ ਵੇਦਾਂ ਅਤੇ ਉਪਨਿਸ਼ਦਾਂ ਦੀ ਬੌਧਿਕਤਾ ਨੂੰ ਰਸਮੀ ਵਿਆਖਿਆਵਾਂ ਤੱਕ ਸੀਮਤ ਕਰ ਦਿੱਤਾ ਸੀ, ਅਕਸਰ ਜਾਤੀਗਤ ਦਰਜਾਬੰਦੀ ਅਤੇ ਬਾਹਰੀ ਕਰਮਕਾਂਡਾਂ ਨੂੰ ਅਨੁਭਵ ਦੇ ਅੰਦਰੂਨੀ ਤੱਤ ਦੀ ਨਿਸਬਤ ਵਿਸ਼ੇਸ਼ ਅਧਿਕਾਰ ਦਿੱਤਾ ਹੋਇਆ ਸੀ। ਜੋ ਕਦੇ ਹੋਂਦ ਲਈ ਕਾਵਿਕ ਭਜਨ ਸੀ, ਚੇਤਨਾ ਦੀ ਪ੍ਰਕਿਰਤੀ ਅਤੇ ਸਦੀਵੀ ਸਤਿ ਉੱਤੇ ਧਿਆਨ ਸੀ, ਸ਼ਕਤੀ ਦੇ ਸਾਧਨਾਂ ਵਿੱਚ ਤਬਦੀਲ ਹੋ ਗਿਆ ਸੀ, ਇੱਕ ਵਿਸ਼ੇਸ਼ ਪੁਜਾਰੀ ਕੁਲੀਨ ਵਰਗ ਦੁਆਰਾ ਏਕਾਧਿਕਾਰ ਸਥਾਪਿਤ ਕੀਤਾ ਗਿਆ ਸੀ। ਮੁਕਤੀ ਦੀ ਭਾਸ਼ਾ ਸਮਾਜਿਕ ਬੰਧਨਾਂ ਦੀਆਂ ਬਣਤਰਾਂ ਨਾਲ ਉਲਝ ਚੁੱਕੀ ਸੀ। ਉਸ ਸਮੇਂ ਬੋਧੀ ਅਤੇ ਜੈਨ ਪਰੰਪਰਾਵਾਂ; ਬ੍ਰਾਹਮਣਵਾਦੀ ਕਠੋਰਤਾ ਦੇ ਖਿਲਾਫ਼ ਵਿਰੋਧ ਦੀਆਂ ਪਹਿਲੀਆਂ ਲਾਟਾਂ, ਆਪਣੇ ਥਕਾਵਟ ਦੇ ਬਿੰਦੂਆਂ ਤੇ ਅੱਪੜ ਗਈਆਂ ਸਨ।ਦਾਰਸ਼ਨਿਕ ਉੱਚਾਈਆਂ ਨੂੰ ਛੂਹਣ ਤੋਂ ਬਾਅਦ, ਉਹਨਾਂ ਨੇ ਵਿਦਵਤਾ ਪੂਰਨ ਅਭਿਆਸੀ ਬਣਨ ਦਾ ਜੋਖ਼ਮ ਲਿਆ, ਉਹਨਾਂ ਦੀਆਂ ਇਨਕਲਾਬੀ ਸ਼ਕਤੀਆਂ ਸਦੀਆਂ ਦੇ ਦੁਹਰਾਉ ਅਤੇ ਸੰਪਰਦਾਇਕ ਵੰਡ ਦੁਆਰਾ ਸੁਸਤ ਹੋ ਗਈਆਂ ਸਨ। ਜੋ ਕਦੇ ਅਸਥਿਰਤਾ ਨਾਲ ਦਇਆ ਰਾਹੀਂ ਸਿੱਧਾ ਮੁਕਾਬਲਾ ਸੀ, ਅਕਸਰ ਟਿੱਪਣੀਆਂ ਤੇ ਸੰਸਥਾਗਤ ਢਾਂਚੇ ਦੀਆਂ ਪਰਤਾਂ ਦੇ ਪਿੱਛੇ ਦੂਰ ਖੜ੍ਹਾ ਦਿਖਾਈ ਦੇ ਰਿਹਾ ਸੀ। ਇਸ ਗੁੰਝਲਦਾਰ ਵਰਤਾਰੇ ਦਾ ਕਾਰਨ ਭਾਰਤ ਵਿੱਚ ਇਸਲਾਮੀ ਵਿਚਾਰ ਅਤੇ ਰਾਜਨੀਤਿਕ ਮੌਜੂਦਗੀ ਦਾ ਵਧਦਾ ਪ੍ਰਭਾਵ ਸੀ। ਸੂਫ਼ੀ ਰਹੱਸਵਾਦੀਆਂ ਤੋਂ ਲੈ ਕੇ ਸ਼ਾਸਕ ਸੁਲਤਾਨਾਂ ਤੱਕ, ਇਸਲਾਮ ਨੇ ਇੱਕ ਈਸ਼ਵਰਵਾਦੀ ਸ਼ਰਧਾ ਦੇ ਅਨੁਸ਼ਾਸਨ ਅਤੇ ਸਾਮਰਾਜੀ ਅਧਿਕਾਰ ਦੇ ਦਾਅਵੇ ਦੋਵਾਂ ਨੂੰ ਲਿਆਂਦਾ। ਸੂਫ਼ੀਆਂ ਦੀ ਰਹੱਸਵਾਦੀ ਸਮਾਵੇਸ਼ ਅਤੇ ਇਸਲਾਮ ਦੇ ਕੱਟੜ ਨੇਮ ਵਿਧਾਨ ਦੀ ਪਰੰਪਰਾਗਤ ਕਠੋਰਤਾ ਵਿਚਕਾਰ ਤਣਾਅ, ਇਕ ਹੋਰ ਮੁਹਾਵਰੇ ਵਿੱਚ, ਭਾਰਤੀ ਪਰੰਪਰਾਵਾਂ' ਚ ਪਹਿਲਾਂ ਤੋਂ ਮੌਜੂਦ ਵਿਰੋਧਾਭਾਸਾਂ ਨੂੰ ਦਰਸਾਉਂਦਾ ਹੈ। ਇਸ ਸੰਦ੍ਰਿਸ਼ ਵਿੱਚ ਬਾਬਾ ਨਾਨਕ ਦੇ ਵਿਚਾਰ ਨਾ ਤਾਂ ਪ੍ਰਤੀਕਿਰਿਆ ਸਨ ਤੇ ਨਾ ਹੀ ਸਿਰਫ਼ ਸੰਸ਼ਲੇਸ਼ਣ; ਉਹ ਤੱਤ ਵੱਲ ਵਾਪਸੀ ਸਨ। ਗੁਰੂ ਨਾਨਕ ਨੇ ਏਕਮ ਸਤਿ,ਇਕ ਹਕੀਕਤ ਦੀ ਉਪਨਿਸ਼ਦਿਕ ਸੂਝ ਨੂੰ ਪ੍ਰਵਾਨਿਆ ਪਰੰਤੂ ਇਸਨੂੰ ਗੁਪਤ ਉਲਝਣ ਤੋਂ ਦੂਰ ਕਰ ਦਿੱਤਾ ਤੇ ਸਥਾਨਕ ਭਾਸ਼ਾ ਵਿੱਚ ਗੂੰਜਦਾ ਬਣਾਇਆ। ਉਹਨਾਂ ਨੇ ਬੁੱਧ ਧਰਮ ਤੇ ਜੈਨ ਧਰਮ ਦੀ ਨੈਤਿਕ ਸਪੱਸ਼ਟਤਾ ਨੂੰ ਸਵੀਕਾਰ ਕੀਤਾ ਪਰੰਤੂ ਉਸਦੇ ਤਪੱਸਵੀ ਨਕਾਰ ਤੋਂ ਪਰੇ ਗ੍ਰਹਿਸਤੀ ਜੀਵਨ ਦੇ ਦਰਸ਼ਨ ਵੱਲ ਰੁਖ ਕੀਤਾ। ਉਨਾਂ ਨੇ ਬ੍ਰਹਮ ਪਿਆਰ ਦੇ ਸੂਫ਼ੀ ਗੀਤ ਅਤੇ ਇੱਕ ਪਰਮਾਤਮਾ ਉੱਪਰ ਕੁਰਾਨ ਦੇ ਬਲ ਨੂੰ ਸੁਣਿਆ ਅਤੇ ਫਿਰ ਵੀ ਉਹ ਗਹਿਰਾਈ ਨਾਲ,ਇਕਬਾਲੀਆ ਸੀਮਾਵਾਂ ਤੋਂ ਪਰ੍ਹੇ, ਇਸ ਪੁਸ਼ਟੀ ਵਿੱਚ ਗਏ ਕਿ ਅਨੰਤ ਕਿਸੇ ਇੱਕ ਭਾਸ਼ਾ ਜਾਂ ਪਰੰਪਰਾ ਦੁਆਰਾ ਨਿਯੰਤਰਿਤ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦਾ ਸਮਾਂ ਅਸ਼ਾਂਤ ਸੀ ਕਿਉਂਕਿ ਮਨੁੱਖਾਂ ਦੇ ਸਾਹਮਣੇ ਵਿਕਲਪ ਤਾਂ ਬਹੁਤ ਸਨ ਪਰ ਨਜ਼ਰੀਏ ਦੀ ਘਾਟ ਸੀ। ਗੁਰੂ ਜੀ ਦਾ ਯੋਗਦਾਨ ਕਿਸੇ ਪਰੰਪਰਾ ਨੂੰ ਨਕਾਰਨ ਵਿੱਚ ਨਹੀਂ ਸੀ ਸਗੋਂ ਹਰੇਕ ਪਰੰਪਰਾ ਨੂੰ ਇਸ ਦੇ ਮੂਲ ਤੱਤ ਲਈ ਜਗਾਉਣ ਵਿੱਚ ਸੀ। ਉਹ ਨਾ ਤਾਂ ਵੈਦਿਕ ਸਨ ਨਾ ਹੀ ਵੈਦਿਕ ਵਿਰੋਧੀ, ਨਾ ਹੀ ਇਸਲਾਮੀ ਸਨ, ਨਾ ਹੀ ਇਸਲਾਮ ਦੇ ਵਿਰੁੱਧ, ਨਾ ਹੀ ਬੋਧੀ ਸਨ ਤੇ ਨਾ ਹੀ ਜੈਨ, ਫਿਰ ਵੀ ਉਹਨਾਂ ਨੇ ਸਭ ਦੇ ਅੰਤਰੀਵੀ ਗਿਆਨ ਦੀ ਆਵਾਜ਼ ਨੂੰ ਸੁਣਿਆ।ਉਹਨਾਂ ਦੀ ਮੌਜੂਦਗੀ ਵਿੱਚ ਦਰਸ਼ਨ ਗੀਤ ਬਣ ਗਿਆ ਅਤੇ ਧਰਮ ਸ਼ਾਸਤਰ ਜੀਵੰਤ ਜੀਵਨ ਬਣ ਗਏ।

ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਪੁਨਰ-ਉਤਪਤੀ ਦੇ ਇਕ ਦਾਰਸ਼ਨਿਕ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਜਿਹਨਾਂ ਨੇ ਸਦੀਆਂ ਦੇ ਤਲਛਟ ਨੂੰ ਕੱਟ ਕੇ ਸਿੱਧੇ ਅਨੁਭਵ ਦੇ ਝਰਨੇ ਨੂੰ ਦੁਬਾਰਾ ਵਗਣ ਦਿੱਤਾ। ਖੰਡਨ ਅਤੇ ਕੱਟੜਤਾ ਦੇ ਯੁੱਗ ਵਿੱਚ ਏਕਤਾ ਦੀ ਸੰਭਾਵਨਾ ਦੀ ਪੁਸ਼ਟੀ ਕੀਤੀ, ਅੰਤਰ ਨੂੰ ਮਿਟਾ ਕੇ ਨਹੀਂ, ਸਗੋਂ ਉਸ ਵੱਲ ਸੰਕੇਤ ਕਰਕੇ ਜੋ ਸਾਰਿਆਂ ਵਿੱਚੋਂ ਚਮਕਦਾ ਸੀ। ਉਹਨਾਂ ਨੇ ਕ੍ਰਾਂਤੀਕਾਰੀ ਪ੍ਰਵਚਨ ਰਾਹੀਂ ਨਵੀਂ ਕਿਸਮ ਦੀ ਵਿਸ਼ਵ-ਦ੍ਰਿਸ਼ਟੀ ਤੇ ਜੀਵਨ ਜਾਚ ਦਾ ਮਾਡਲ ਪੇਸ਼ ਕੀਤਾ।

ਪ੍ਰਾਚੀਨ ਭਾਰਤੀ ਪਰੰਪਰਾ ਵਿੱਚ ਬੌਧਿਕ ਸੰਵਾਦ ਦਾ ਪ੍ਰਚਲਨ ਰਿਹਾ ਹੈ।ਇਸ ਵਿੱਚ ਵਿਭਿੰਨ ਦਾਰਸ਼ਨਿਕ ਆਪਣੇ ਵਿਚਾਰਾਂ ਦੀ ਪ੍ਰਸਤੁਤੀ ਸਮੇਂ ਕਈ ਵਾਰ ਪੂਰਵ-ਪ੍ਰਚਲਿਤ ਵਿਚਾਰਾਂ ਦੀ ਆਲੋਚਨਾ ਕਰਦੇ ਸਨ ਜਿਸ ਨੂੰ ਖੰਡਨ ਜਾਂ ਪੂਰਵ-ਪਕਸ਼ ਆਖਿਆ ਜਾਂਦਾ ਸੀ ਤੇ ਉਪਰੰਤ ਆਪਣਾ ਮਤ ਪੇਸ਼ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਵਿਚ ਵਿਚਾਰ- ਵਟਾਂਦਰੇ ਦੀ ਪਿਰਤ ਪਾਉਂਦਿਆਂ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਦਾ ਸੰਕਲਪ ਦਿੱਤਾ, ਸਰੋਤਰਾਪਨ ਨੂੰ ਵਿਸ਼ੇਸ਼ ਮਹੱਤਵ ਦਿੱਤਾ। ਸੰਵਾਦ ਦੀ ਪ੍ਰਕਿਰਿਆ ਨੇ ਜਿੱਥੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਉੱਥੇ ਦਰਪੇਸ਼ ਵਿਭਿੰਨ ਧਾਰਮਿਕ ਭੇਦ-ਭਾਵਾਂ ਦੇ ਸਮਾਧਾਨ ਲਈ ਵੀ ਆਗਾਜ਼ ਕੀਤਾ। ਆਪਣੇ ਵਿਚਾਰ ਦੂਸਰਿਆਂ' ਤੇ ਆਰੋਪਿਤ ਕਰਨ ਦੀ

ਬਜਾਇ ਸੰਵਾਦ ਦੀ ਇਸ ਬਿਰਤੀ ਰਾਹੀਂ ਦੂਸਰਿਆਂ ਦੇ ਵਿਚਾਰ ਜਾਣਨ ਉਪਰੰਤ ਚੰਗੇ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿੱਚ ਸਦਗੁਣਾਂ ਨੂੰ ਵਿਕਸਿਤ ਕਰਨ ਦੀ ਸੰਭਾਵਨਾ ਨਿਹਿਤ ਹੈ। ਗੁਰੂ ਨਾਨਕ ਦੇਵ ਜੀ ਦਾ ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ ਦੇ ਮੁਖੀਆਂ ਨਾਲ ਵਿਚਾਰ- ਵਟਾਂਦਰਾ, ਬ੍ਰਾਹਮਣਾਂ, ਮੌਲਾਣਿਆਂ, ਯੋਗੀਆਂ ਨਾਲ ਸੰਵਾਦ ਜਿੱਥੇ ਉਹਨਾਂ ਦੇ ਸਹਿਹੋਂਦ ਦੇ ਗੁਣ ਨੂੰ ਉਜਾਗਰ ਕਰਦਾ ਹੈ ਉੱਥੇ ਭਾਰਤੀ ਸਮਾਜ ਵਿੱਚ ਸੰਵਾਦ ਦੀ ਪਰੰਪਰਾ ਵਧੇਰੇ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਵੀ ਪਾਉਂਦਾ ਹੈ। ਉਹ ਇਸ ਤੱਥ ਤੋਂ ਭਲੀ-ਭਾਂਤ ਪਰਿਚਿਤ ਸਨ ਕਿ ਵਿਭਿੰਨ ਧਾਰਮਿਕ ਸਮਾਜਿਕ ਆਗੂਆਂ ਨਾਲ ਵਿਚਾਰ- ਚਰਚਾ ਦੇ ਨਤੀਜੇ ਵਜੋਂ ਹੀ ਇਹਨਾਂ ਦੇ ਪ੍ਰਭਾਵ ਵਿੱਚ ਵਿਚਰ ਰਹੀ ਲੋਕਾਈ ਨੂੰ ਕਰਮਕਾਂਡਾਂ ਵਿੱਚੋਂ ਕੱਢਿਆ ਜਾ ਸਕਦਾ ਹੈ ਤੇ ਕਾਰਜ ਵਿੱਚ ਸ਼ੁੱਧਤਾ ਲਿਆਂਦੀ ਜਾ ਸਕਦੀ ਹੈ। ਉਹਨਾਂ ਦੀਆਂ ਆਸਾ ਦੀ ਵਾਰ, ਦੱਖਣੀ ਓਅੰਕਾਰ ਤੇ ਸਿੱਧ ਗੋਸਟਿ ਬਾਣੀਆਂ ਇਹਨਾਂ ਆਗੂਆਂ ਨਾਲ ਰਚਾਏ ਗਏ ਸੰਵਾਦ ਤੇ ਕੇਂਦਰਿਤ ਹੀ ਹਨ। ਗੋਸ਼ਟੀਆਂ ਵਿੱਚ ਸੱਚੀ ਸੁੱਚੀ ਕਿਰਤ ਤੇ ਵਿਹਾਰ ਨੂੰ ਅੰਗੀਕਾਰ ਕਰਨ ਉੱਪਰ ਬਲ ਦਿੱਤਾ। ਮਿਸਾਲ ਦੇ ਤੌਰ' ਤੇ ਕਾਜ਼ੀਆਂ ਨਾਲ ਹੋਏ ਸੰਵਾਦ ਵਿੱਚ ਗੁਰੂ ਜੀ ਨੂੰ ਪੁੱਛੇ ਗਏ ਪ੍ਰਸ਼ਨ ਕਿ ਹਿੰਦੂ ਵੱਡਾ ਜਾਂ ਮੁਸਲਮਾਨ ਦੇ ਉੱਤਰ ਵਿੱਚ ਉਹਨਾਂ ਨੇ ਸ਼ੁੱਭ ਕਰਮਾਂ ਨੂੰ ਸ੍ਰੇਸ਼ਟ ਸਵੀਕਾਰ ਕੀਤਾ:

*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ*
*ਬਾਬਾ ਆਖੇ ਹਾਜ਼ੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।।*

*(ਵਾਰਾਂ ਭਾਈ ਗੁਰਦਾਸ 1)*

ਸੰਵਾਦ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਦੂਸਰੇ ਧਰਮਾਂ ਦੇ ਪੈਰੋਕਾਰਾਂ ਦੀ ਹੋਂਦ, ਸੰਸਕਾਰ ਤੇ ਵਿਸ਼ਵਾਸਾਂ ਨੂੰ ਅੱਖੋਂ-ਓਹਲੇ ਨਹੀਂ ਕੀਤਾ ਜਾਂਦਾ। ਗੁਰੂ ਜੀ ਦੀ ਵਿਚਾਰਧਾਰਾ ਵਿਭਿੰਨ ਧਰਮਾਂ, ਕੌਮਾਂ ਜਾਂ ਸੱਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਖਤਮ ਕਰਕੇ ਕੋਈ ਏਕੀਕਰਣ ਸਥਾਪਿਤ ਕਰਨ ਦੀ ਜਗ੍ਹਾ ਇਹਨਾਂ ਭਿੰਨਤਾਵਾਂ ਨੂੰ ਬਣਦਾ ਸਤਿਕਾਰ ਦੇ ਕੇ ਇਕਸੁਰਤਾ ਪੈਦਾ ਕਰਦੀ ਹੈ। ਇਹ ਸੰਪਰਦਾਇਕ ਵਿਰੋਧਾਂ ਨੂੰ ਥਾਂ ਨਾ ਦੇ ਕੇ ਭਾਰਤੀ ਸਾਂਸਕ੍ਰਿਤਿਕ ਚੇਤਨਾ ਨੂੰ ਵਿਕਸਿਤ ਕਰਦੀ ਹੈ। ਸੰਵਾਦ ਦਾ ਬਿਹਤਰੀਨ ਮਾਡਲ ਸਿਧ ਗੋਸਟਿ ਬਾਣੀ ਰਾਹੀਂ ਪ੍ਰਗਟ ਹੁੰਦਾ ਹੈ। ਜਿਸ ਵਿੱਚ ਸਿੱਧਾਂ ਦੁਆਰਾ ਵਿਚਾਰ- ਵਟਾਂਦਰੇ ਦੌਰਾਨ ਗੁਰੂ ਜੀ ਨੂੰ ਪੁੱਛੇ ਗਏ ਪ੍ਰਸ਼ਨਾਂ ਜਿਵੇਂ ਗੁਰੂ ਜੀ ਦਾ ਮਤ ਕੀ ਹੈ? ਸੰਸਾਰ ਸਮੁੰਦਰ ਨੂੰ ਕਿਵੇਂ ਪਾਰ ਕਰਕੇ ਗੁਰੂ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ? ਸ੍ਰਿਸ਼ਟੀ ਦੀ ਉਤਪਤੀ ਕਿਵੇਂ ਹੋਈ? ਮਨ ਦੀ ਭਟਕਣਾ ਤੇ ਮਾਇਆ ਤੋਂ ਮੁਕਤੀ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ? ਆਦਿ ਦਾ ਬਹੁਤ ਹਲੀਮੀ ਨਾਲ ਉੱਤਰ ਦਿੱਤਾ ਹੈ। ਸਿਧ ਗੋਸਟਿ ਰਾਹੀਂ ਸੰਵਾਦ ਕਰਨ ਦਾ ਇਹ ਸ੍ਰੇਸ਼ਟ ਮਾਡਲ ਉਜਾਗਰ ਹੁੰਦਾ ਹੈ ਕਿ ਵਿਚਾਰ ਵਟਾਂਦਰੇ ਦੌਰਾਨ ਸੰਜਮ ਦੀ ਵਰਤੋਂ ਕਰਨੀ, ਪੁੱਛੇ ਗਏ ਪ੍ਰਸ਼ਨਾਂ' ਤੇ ਰੋਸ ਜਾਂ ਗੁੱਸਾ ਵਿਅਕਤ ਨਾ ਕਰਨਾ, ਪ੍ਰਸ਼ਨਾਂ ਦੇ ਉੱਤਰ ਨਿਮਰਤਾ ਤੇ ਸਹਿਜਤਾ ਨਾਲ ਦੇਣਾ ਤੇ ਇਹਨਾਂ ਤੇ ਵਿਚਾਰ ਚਰਚਾ ਕਰਨੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਸਮਾਜ ਵਿੱਚ ਧਰਮ ਦੇ ਨਾਂ ਉੱਪਰ ਪਈਆਂ ਵੰਡੀਆਂ ਨੂੰ ਖਤਮ ਕਰਨ ਦੀ ਚੇਸ਼ਟਾ ਕੀਤੀ। ਹਿੰਦੂ ਤੇ ਮੁਸਲਿਮ ਧਰਮਾਂ ਲਈ ਇਕਸੁਰਤਾ ਦਾ ਸਾਂਝਾ ਮੰਚ ਪ੍ਰਦਾਨ ਕਰਨ ਦੇ ਫ਼ਲਸਰੂਪ ਹੀ ਉਹ ਦੋਵੇਂ ਧਰਮਾਂ ਦੇ ਪੈਰੋਕਾਰਾਂ ਲਈ ਸਤਿਕਾਰਤ ਸ਼ਖਸੀਅਤ ਬਣੇ:

*ਬਾਬਾ ਨਾਨਕ ਸ਼ਾਹ ਫਕੀਰ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ।*

ਵੇਈਂ ਪ੍ਰਵੇਸ਼ ਤੋਂ ਬਾਅਦ "ਨ ਕੋ ਹਿੰਦੂ ਨਾ ਮੁਸਲਮਾਨ" ਦਾ ਪਹਿਲਾ ਉਪਦੇਸ਼ ਦੇਣਾ ਸੰਵਾਦ ਰਾਹੀਂ ਵਿਭਿੰਨ ਧਰਮਾਂ ਦੇ ਲੋਕਾਂ ਵਿੱਚ ਨੇੜਤਾ ਲਿਆਉਣ ਦਾ ਸੂਚਕ ਹੈ। ਉਹਨਾਂ ਦੀ ਸਾਰੀ ਰਚਨਾ ਧਾਰਮਿਕ ਸੰਕੀਰਣਤਾ ਤੋਂ ਉੱਪਰ ਉੱਠ ਕੇ ਅੰਤਰ-ਧਰਮ- ਸੰਵਾਦ ਰਾਹੀਂ ਸਾਂਝੀਵਾਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਮਾਨਵਵਾਦੀ ਕਦਰਾਂ ਕੀਮਤਾਂ ਦੀ ਧਾਰਨੀ ਇਹ ਰਚਨਾ ਵਿਭਿੰਨ ਧਰਮਾਂ, ਫਿਰਕਿਆਂ ਤੇ ਵਰਗਾਂ ਨੂੰ ਸਦਭਾਵਨਾ ਨਾਲ ਜਿਉਣ ਤੇ ਸੱਭਿਆਚਾਰਕ ਸਾਂਝ ਦਾ ਪੈਗ਼ਾਮ ਦਿੰਦੀ ਹੈ। ਉਹਨਾਂ ਨੇ ਸਮਕਾਲੀ ਵਰਣ- ਵਿਵਸਥਾ ਤੇ ਕਮਜ਼ੋਰ ਵਰਗਾਂ ਨਾਲ ਹੋ ਰਹੇ ਦੁਰਵਿਵਹਾਰ ਦੇ ਵਿਰੋਧ ਵਿੱਚ ਸਭ ਮਨੁੱਖਾਂ ਨੂੰ ਬਰਾਬਰਤਾ ਦੇ ਧਰਾਤਲ' ਤੇ ਲਿਆ ਖੜਾ ਕੀਤਾ। ਉਹ ਲਿਖਦੇ ਹਨ:

*ਸਭ ਮਹਿ ਜੋਤਿ ਜੋਤਿ ਹੈ ਸੋਈ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 13)*

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਵਿਭਿੰਨ ਸਥਾਨਾਂ' ਤੇ ਸੰਗਤ ਦੀ ਸਥਾਪਨਾ ਕੀਤੀ ਜਿਸ ਵਿੱਚ ਕਦਰਾਂ- ਕੀਮਤਾਂ' ਤੇ ਆਧਾਰਿਤ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ ਜਾਂਦੀ ਰਹੀ। ਗੁਰੂ ਜੀ ਨੇ ਕਰਤਾਰਪੁਰ ਵਿਖੇ ਧਰਮਸਾਲ ਦੀ ਸਥਾਪਨਾ ਕਰਕੇ ਸੰਗਤ ਤੇ ਲੰਗਰ ਦੀ ਪਰੰਪਰਾ ਦਾ ਆਗਾਜ਼ ਕੀਤਾ। ਗੁਰੂ ਜੀ ਦਾ ਉਦੇਸ਼ ਹਰ ਘਰ ਵਿੱਚ ਅਜਿਹੀ ਧਰਮਸਾਲ ਦੀ ਸਥਾਪਨਾ ਹੈ ਜਿੱਥੇ ਬਗ਼ੈਰ ਕਿਸੇ ਜਾਤੀ- ਵਿਤਕਰੇ, ਊਚ- ਨੀਚ, ਭੇਦ-ਭਾਵ ਤੋਂ ਕੇਵਲ ਇੱਕ ਪਰਮਾਤਮਾ ਨਾਲ ਇਕਸੁਰ ਹੋਣ ਦੀ ਪ੍ਰੇਰਨਾ ਗ੍ਰਹਿਣ ਕੀਤੀ ਜਾ ਸਕੇ। ਫ਼ਲਸਰੂਪ ਵੱਖੋ- ਵੱਖਰੇ ਧਰਮਾਂ ਨਾਲ ਸੰਬੰਧਿਤ ਲੋਕਾਂ ਦਾ ਇਸ ਇੱਕ ਸਥਾਨ' ਤੇ ਇਕੱਤਰ ਹੋਣਾ, ਸਰਬੱਤ ਦੇ ਭਲੇ ਵਾਲੀ ਧੁਨੀ ਸਰਵਣ ਕਰਨਾ, ਧਰਮ ਨਾਲ ਸੰਬੰਧਿਤ ਸ਼ੰਕਿਆਂ ਦੀ ਨਿਵਿਰਤੀ ਹਾਸਿਲ ਕਰਨਾ, ਗੁਰਬਾਣੀ ਵਿਆਖਿਆ ਆਦਿ ਰਾਹੀਂ ਸੰਵਾਦ ਦੀ ਅਮੀਰ ਪਰੰਪਰਾ ਵਿਕਸਿਤ ਹੋਈ।

ਗੁਰੂ ਗ੍ਰੰਥ ਸਾਹਿਬ ਦਾ ਉਭਾਰ ਸਿਰਫ਼ ਇੱਕ ਸਾਹਿਤਕ ਜਾਂ ਧਾਰਮਿਕ ਘਟਨਾ ਨਹੀਂ ਸੀ; ਇਹ ਇੱਕ ਗਹਿਨ ਦਾਰਸ਼ਨਿਕ ਕਾਰਜ ਸੀ। ਇਸਦੀ ਸਿਰਜਣਾ ਵਿੱਚ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੁਆਰਾ ਭਾਰਤੀ ਖੇਤਰ ਦੀ ਵਿਸ਼ਾਲ ਧਰਤੀ ਉੱਤੇ ਅਧਿਆਤਮਕ ਖੋਜ ਕਰਨ ਵਾਲਿਆਂ ਦੇ ਵਿਵਿਧ ਬੋਲਾਂ ਦੇ ਇਕੱਤਰੀਕਰਣ ਦੇ ਯਤਨ ਨਿਹਿਤ ਹਨ।

ਨਾਨਕ ਵਿਭਿੰਨ ਆਵਾਜ਼ਾਂ ਦੇ ਸੰਗ੍ਰਹਿਕਰਤਾ ਵਜੋਂ ਗੁਰੂ ਨਾਨਕ ਦੇਵ ਜੀ ਨੇ; ਭਾਰਤ, ਤਿੱਬਤ, ਮੱਧ ਏਸ਼ੀਆ ਅਤੇ ਮੱਧ ਪੂਰਬ ਵਿੱਚ ਆਪਣੀਆਂ ਵਿਆਪਕ ਯਾਤਰਾਵਾਂ ਦੌਰਾਨ;ਕਈ ਸੰਤ-ਕਵੀਆਂ ਦਾ ਸਾਹਮਣਾ ਕੀਤਾ ਜਿਨ੍ਹਾਂ ਨੇ ਕਈ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਵਿੱਚ ਗਾਇਆ। ਉਨ੍ਹਾਂ ਦੇ ਸ਼ਬਦਾਂ ਵਿੱਚ ਆਪਣੀ ਮਿੱਟੀ ਦੀ ਖੁਸ਼ਬੂ ਸੀ; ਰਾਜਸਥਾਨੀ ਭਗਤੀ, ਬੰਗਾਲੀ ਵੈਸ਼ਨਵਵਾਦ,ਪ੍ਰਭੂ ਪਿਆਰ ਦੇ ਤਾਮਿਲ ਪ੍ਰਵਾਹ, ਫ਼ਾਰਸੀ ਸੂਫ਼ੀਆਂ ਅਤੇ ਭਗਤ ਕਬੀਰ, ਨਾਮਦੇਵ, ਰਵਿਦਾਸ ਅਤੇ ਹੋਰਾਂ ਦੇ ਲੋਕ ਜੀਵਨ ਨਾਲ ਜੁੜੇ ਬੋਲ।

ਗੁਰੂ ਨਾਨਕ ਦੀ ਪ੍ਰਤਿਭਾ ਉਨ੍ਹਾਂ ਉੱਤੇ ਉੱਤਮਤਾ ਦਾ ਦਾਅਵਾ ਕਰਨ ਵਿੱਚ ਨਹੀਂ ਸੀ, ਸਗੋਂ ਉਨ੍ਹਾਂ ਦੀ ਤਾਂਘ ਦੀ ਏਕਤਾ ਨੂੰ ਪਛਾਣਨ ਵਿੱਚ ਸੀ। ਉਨ੍ਹਾਂ ਲਈ, ਸੱਚ ਇੱਕ ਸੀ, ਭਾਵੇਂ ਇਸਦੇ ਬੋਲ ਕਈ ਭਾਸ਼ਾਵਾਂ ਵਿੱਚ ਉੱਠੇ ਹੋਣ।ਇਹ ਸੰਗ੍ਰਹਿ ਕੋਈ ਬੇਤਰਤੀਬ ਇਕਤਰੀਕਰਣ ਨਹੀਂ ਸੀ ਸਗੋਂ ਇੱਕ ਦਾਰਸ਼ਨਿਕ ਪੁਸ਼ਟੀ ਸੀ ਕਿ ਕੋਈ

ਵੀ ਇੱਕ ਪਰੰਪਰਾ ਜਾਂ ਭਾਈਚਾਰਾ ਬ੍ਰਹਮ ਤੱਕ ਪਹੁੰਚ ਨੂੰ ਏਕਾਧਿਕਾਰ ਨਹੀਂ ਕਰ ਸਕਦਾ। ਇਹਨਾਂ ਵਿਵਿਧ ਆਵਾਜ਼ਾਂ ਨੂੰ ਸੁਰੱਖਿਅਤ ਰੱਖ ਕੇ ਬਾਬਾ ਨਾਨਕ ਨੇ ਦਿਖਾਇਆ ਕਿ ਪ੍ਰਕਾਸ਼ ਨਿਰੰਤਰ, ਖਿੰਡਿਆ ਹੋਇਆ ਅਤੇ ਲੋਕਤੰਤਰੀ ਸੀ। ਅਨੰਤ ਸਾਰਿਆਂ ਦੇ ਦਿਲਾਂ ਰਾਹੀਂ ਬੋਲਦਾ ਹੈ।

ਦੂਸਰੇ ਗੁਰੂ, ਅੰਗਦ ਦੇਵ ਜੀ ਨੇ, ਇੱਕ ਨਵੀਂ ਲਿੱਪੀ ਗੁਰਮੁਖੀ ਨੂੰ ਸੁਧਾਰ ਕੇ ਅਤੇ ਵਿਵਸਥਿਤ ਕਰਕੇ ਇਸ ਦ੍ਰਿਸ਼ਟੀਕੋਣ ਨੂੰ ਢਾਂਚਾ ਦਿੱਤਾ। ਇਹ ਤਕਨੀਕੀ ਨਵੀਨਤਾ ਤੋਂ ਵੱਧ ਲੋਕਤੰਤਰੀਕਰਨ ਦਾ ਇੱਕ ਦਾਰਸ਼ਨਿਕ ਕਾਰਜ ਸੀ। ਇਸ ਲਿੱਪੀ ਰਾਹੀਂ ਵਿਭਿੰਨ ਭਾਸ਼ਾਵਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਕੇ, ਆਮ ਕਿਸਾਨ ਅਤੇ ਕਾਰੀਗਰ ਦੀ ਪਹੁੰਚ ਵਿੱਚ ਉਚੇਰੀ ਬੌਧਿਕਤਾ ਲਿਆਂਦੀ ਗਈ। ਭਾਸ਼ਾ, ਜੋ ਅਕਸਰ ਵਿਲੱਖਣਤਾ ਦਾ ਸਾਧਨ ਰਹੀ ਸੀ, ਭਾਵੇਂ ਬ੍ਰਾਹਮਣਾਂ ਦੀ ਸੰਸਕ੍ਰਿਤ ਹੋਵੇ ਜਾਂ ਦਰਬਾਰਾਂ ਦੀ ਫ਼ਾਰਸੀ ਨੂੰ ਸਮਾਨਤਾ ਦੇ ਮਾਧਿਅਮ ਵਿੱਚ ਦੁਬਾਰਾ ਤਿਆਰ ਕੀਤਾ ਗਿਆ ਸੀ। ਸੰਤਾਂ ਦੇ ਸ਼ਬਦ ਨੂੰ ਹੁਣ ਕੋਈ ਵੀ ਪੜ੍ਹ ਸਕਦਾ, ਗਾ ਸਕਦਾ ਅਤੇ ਯਾਦ ਰੱਖ ਸਕਦਾ ਸੀ।

ਇੱਥੇ ਦਰਸ਼ਨ ਨੇ ਜ਼ਮੀਨ ਨੂੰ ਛੂਹਿਆ; ਬੁੱਧੀ ਹੁਣ ਪੁਜਾਰੀ ਕੋਡਾਂ ਜਾਂ ਦਰਬਾਰੀ ਰਿਕਾਰਡਾਂ ਵਿੱਚ ਲੁਕੀ ਨਹੀਂ ਸੀ, ਸਗੋਂ ਲੋਕਾਂ ਦੀ ਲਿਪੀ ਵਿੱਚ ਉੱਕਰੀ ਹੋਈ ਸੀ। ਤੀਸਰੇ ਅਤੇ ਚੌਥੇ ਗੁਰੂ ਸਾਹਿਬਾਨ ਨੇ ਇਸ ਪਰੰਪਰਾ ਨੂੰ ਸੁਰੱਖਿਅਤ ਰੱਖਿਆ ਅਤੇ ਫੈਲਾਇਆ, ਇਸਨੂੰ ਪੰਜਵੇਂ ਗੁਰੂ ਅਰਜਨ ਦੇਵ ਜੀ ਨੂੰ ਸੌਂਪਿਆ, ਜਿਨ੍ਹਾਂ ਨੇ ਸੰਪਾਦਨ ਅਤੇ ਸੰਕਲਨ ਦਾ ਯਾਦਗਾਰੀ ਕਾਰਜ ਕੀਤਾ। ਆਦਿ ਗ੍ਰੰਥ ਕੋਈ ਬੇਤਰਤੀਬ ਸੰਗ੍ਰਹਿ ਨਹੀਂ ਸੀ; ਇਸਨੂੰ ਰਾਗਾਂ, ਸੰਗੀਤਕ ਢੰਗਾਂ ਦੀ ਭਾਰਤੀ ਪ੍ਰਣਾਲੀ ਵਿੱਚ ਵਿਵਸਥਿਤ ਕੀਤਾ ਗਿਆ ਸੀ ਜੋ ਬ੍ਰਹਿਮੰਡ ਅਤੇ ਮਨੁੱਖੀ ਦਿਲ ਦੀਆਂ ਤਾਲਾਂ ਵਿੱਚ ਗੂੰਜਦੇ ਹਨ।ਅਜਿਹਾ ਦਾਰਸ਼ਨਿਕ ਕਾਰਜ ਜਿਸਨੇ ਪ੍ਰਗਟ ਕੀਤਾ ਕਿ ਹੋਂਦ ਦੀ ਸੱਚਾਈ ਸਿਰਫ਼ ਸੰਕਲਪਿਕ ਨਹੀਂ ਹੈ ਸਗੋਂ ਨਾਦੀ ਵੀ ਹੈ,ਕੇਵਲ ਵਿਚਾਰ ਲਈ ਨਹੀਂ ਸਗੋਂ ਗਾਉਣ ਲਈ ਵੀ।

ਇਸ ਵਿੱਚ, ਛੇ ਗੁਰੂਆਂ, ਪੰਦਰਾਂ ਹਿੰਦੂ ਅਤੇ ਸੂਫ਼ੀ ਸੰਤਾਂ, ਪੰਦਰਾਂ ਭਗਤਾਂ ਦੀ ਰਚਨਾ ਸ਼ਾਮਲ ਕੀਤੀ ਗਈ। ਕਬੀਰ, ਰਵਿਦਾਸ, ਨਾਮਦੇਵ, ਸ਼ੇਖ ਫਰੀਦ, ਤ੍ਰਿਲੋਚਨ, ਅਤੇ ਹੋਰਾਂ ਨੇ ਆਪਣੀਆਂ ਆਵਾਜ਼ਾਂ ਗੁਰੂ ਸਾਹਿਬਾਨ ਨਾਲ ਜੋੜੀਆਂ। ਇਹ ਧਾਰਮਿਕ ਇਤਿਹਾਸ ਵਿੱਚ ਇੱਕ ਬੇਮਿਸਾਲ ਕਾਰਜ ਸੀ; ਇੱਕ ਪਰੰਪਰਾ ਦਾ ਨਹੀਂ, ਸਗੋਂ ਕਈਆਂ ਦਾ ਸਿਧਾਂਤ।

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਇੱਕ ਦਾਰਸ਼ਨਿਕ ਯਾਤਰਾ ਦਾ ਸਿਖਰ ਸੀ ਜੋ ਨਾਨਕ ਦੇ ਇੱਕ ਓਂਕਾਰ ਦੇ ਦਰਸ਼ਨ ਨਾਲ ਸ਼ੁਰੂ ਹੋਈ ਸੀ। ਇਹ ਸਿਰਫ਼ ਇੱਕ ਧਰਮ ਗ੍ਰੰਥ ਹੀ ਨਹੀਂ ਹੈ, ਸਗੋਂ ਗੀਤ ਵਿੱਚ ਮੂਰਤੀਮਾਨ ਦਰਸ਼ਨ ਹੈ,ਜੋ ਅਨੇਕ ਲੋਕਾਂ ਦੁਆਰਾ ਗਾਇਆ ਗਿਆ ਜਿਸਦੀ ਵਿਭਿੰਨਤਾ ਵਿੱਚ ਏਕਤਾ ਪ੍ਰਗਟ ਹੁੰਦੀ ਹੈ।ਇਸ ਵਿੱਚ, ਦਰਸ਼ਨ ਅਮੂਰਤ ਅਨੁਮਾਨਾਂ ਤੋਂ ਹਟ ਜਾਂਦਾ ਹੈ ਅਤੇ ਜੀਵੰਤ ਕਾਵਿ ਬਣ ਜਾਂਦਾ ਹੈ। ਸੱਚ ਹੁਣ ਸੰਸਥਾਵਾਂ ਜਾਂ ਭਾਸ਼ਾਵਾਂ ਵਿੱਚ ਕੈਦ ਨਹੀਂ,ਸਗੋਂ ਸੁਰ ਦੇ ਰੂਪ ਵਿੱਚ ਵਹਿੰਦਾ ਹੈ, ਹਰ ਦਿਲ ਤੱਕ ਪਹੁੰਚਣਯੋਗ ਹੈ। ਇਹ ਭਾਰਤੀ ਇਤਿਹਾਸ ਵਿੱਚ ਸਭ ਤੋਂ ਵੱਡੀ ਉਦਾਹਰਣ ਹੈ ਕਿ ਕਿਵੇਂ ਦਰਸ਼ਨ, ਕਵਿਤਾ ਅਤੇ ਜੀਵਨ ਸਰਬਵਿਆਪੀਤਾ ਅਤੇ ਪਿਆਰ ਇੱਕ ਪ੍ਰਮਾਣ ਵਿੱਚ ਇਕੱਠੇ ਹੋ ਸਕਦੇ ਹਨ।

ਅਜੋਕੇ ਵਿਸ਼ਵ-ਵਿਆਪੀ ਤੇ ਬਹੁ-ਸਭਿਆਚਾਰਕ ਯੁੱਗ ਵਿੱਚ, ਜੋ ਧਾਰਮਿਕ ਟਕਰਾਅ, ਵਾਤਾਵਰਣ ਸੰਕਟ ਤੇ ਨੈਤਿਕ ਪਤਨ ਦੁਆਰਾ ਚਿੰਨ੍ਹਿਤ ਹੈ, ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਬਹੁਤ ਪ੍ਰਸੰਗਿਕ ਹਨ। ਇਹ ਪਾਠ ਨਾ ਸਿਰਫ਼ ਅੰਤਰ-ਧਾਰਮਿਕ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ ਬਲਕਿ ਅਧਿਆਤਮਕਤਾ ਤੇ ਸਮਾਜਿਕ ਜ਼ਿੰਮੇਵਾਰੀ ਵਿਚਕਾਰ ਸੰਤੁਲਨ ਨੂੰ ਵੀ ਪ੍ਰੇਰਿਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਭਾਰਤੀ ਗਿਆਨ ਪਰੰਪਰਾ ਦਾ ਵਧੇਰੇ ਜੀਵੰਤ ਅਤੇ ਪ੍ਰਗਤੀਸ਼ੀਲ ਰੂਪ ਹੈ ਜੋ ਪ੍ਰਾਚੀਨ ਵਿਚਾਰ ਵਿੱਚ ਜੜ੍ਹਾਂ ਰੱਖਦਾ ਹੋਇਆ ਸਮਕਾਲੀ ਹਕੀਕਤਾਂ ਨਾਲ ਜੁੜਦਾ ਹੈ। ਇਸ ਦੀਆਂ ਸਿੱਖਿਆਵਾਂ ਕੇਵਲ ਧਾਰਮਿਕ ਵਿਸ਼ਵਾਸ ਦੇ ਖੇਤਰ ਤੱਕ ਸੀਮਤ ਨਹੀਂ ਹਨ ਸਗੋਂ ਮਨੁੱਖਤਾ, ਨਿਆਂ ਅਤੇ ਸਦਭਾਵਨਾ ਦੇ ਵਿਸ਼ਵ ਵਿਆਪੀ ਮੁੱਲਾਂ ਨੂੰ ਸਥਾਪਿਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਹੋਲੀਸਟਿਕ ਤੇ ਈਕੋਲੋਜੀਕਲ ਵਿਚਾਰਧਾਰਾ ਦਾ ਪ੍ਰਸਾਰ ਕਰਦੀਆਂ ਹਨ "ਸਚੀ ਤੇਰੀ ਕੁਦਰਤਿ ਸਚੇ ਪਾਤਸ਼ਾਹ"। ਭਾਰਤੀ ਬੌਧਿਕ ਵਿਰਾਸਤ ਦਾ ਇਹ ਮਾਣਮੱਤਾ ਗੌਰਵਮਈ ਪ੍ਰਤੀਕ ਹੈ।

## ਹਵਾਲੇ ਅਤੇ ਟਿੱਪਣੀਆਂ


1. Grewal,J S (1969),Guru Nanak in History,Publication Bureau,Punjab University, Chandigarh
2. Kapoor,Kapil and Singh,Avadesh Kumar (2005),Indian Knowledge Systems,D K Print World Ltd
3. Bhattacharyya, NN(ed.)(1969), Bhakti Movements in India,Munshiram Manoharlal
4. ਖੋਜ ਪੱਤ੍ਰਿਕਾ ( ਗੁਰੂ ਨਾਨਕ ਵਿਸ਼ੇਸ਼ ਅੰਕ) (1990),ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,ਪਟਿਆਲਾ
5. ਸਿੰਘ,ਜਗਬੀਰ(2004), ਗੁਰਮਤਿ ਕਾਵਿ ਦਾ ਇਤਿਹਾਸ,ਪੰਜਾਬੀ ਅਕਾਦਮੀ,ਦਿੱਲੀ
6. ਸਿੰਘ,ਪਰਮਵੀਰ(2010), ਸ੍ਰੀ ਗੁਰੂ ਗ੍ਰੰਥ ਸਾਹਿਬ: ਚਿੰਤਨ ਅਤੇ ਵਿਚਾਰਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
7. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ(2004), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਅੰਮ੍ਰਿਤਸਰ।

## *Cite this Article-*

*ਡਾ. ਅਕਾਲ ਅੰਮ੍ਰਿਤ ਕੌਰ (Dr. Akal Amrit Kaur), ਭਾਰਤੀ ਗਿਆਨ ਪਰੰਪਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ: ਦਾਰਸ਼ਨਿਕ ਅਤੇ ਸੱਭਿਆਚਾਰਕ ਸੰਵਾਦ (Bharti Giyan Parnpra Ate Shri Guru Granth Sahib: Darshnik Ate Sabhiyachark Sanvad), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 102-106.*

*s*

*Journal URL:* www.armaan.org.in

*DOI:* https://doi.org/10.64119/armaan.vol.3.issue4.19

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/